Formnotice

# ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

## ਵਣ ਭਵਨ, ਸੈਕਟਰ-68, ਐੱਸ.ਏ.ਐੱਸ. ਨਗਰ।

https://sssb.punjab.gov.in

**ਇਸ਼ਤਿਹਾਰ 04 ਆਫ 2023** **ਵੱਖੋ ਵੱਖ ਅਸਾਮੀਆਂ ਦੀ ਕੁਲ ਗਿਣਤੀ - 95**


| ਲੜੀ ਨੰ. | ਵੇਰਵਾ | ਪੰਨਾ ਨੰਬਰ |
|---|---|---|
| 1. | ਮਹੱਤਵਪੂਰਨ ਮਿਤੀਆਂ | 1 |
| 2. | ਜਾਣ-ਪਹਿਚਾਣ/ ਵਿਸਥਾਰਪੂਰਵਕ ਸੂਚਨਾ | 1 |
| 3. | ਅਸਾਮੀਆਂ ਦਾ ਕੈਟਾਗਰੀ-ਵਾਈਜ਼ ਵਰਗੀਕਰਨ | 1-4 |
| 4. | ਅਸਾਮੀਆਂ ਅਪਲਾਈ ਕਰਨ ਲਈ ਕੈਟਾਗਰੀ ਕੋਡ | 5-6 |
| 5. | ਤਨਖਾਹ ਸਕੇਲ ਅਤੇ ਭੱਤੇ | 7 |
| 6. | ਵਿੱਦਿਅਕ ਯੋਗਤਾ | 7-10 |
| 7. | ਉਮਰ ਸੀਮਾ | 10-11 |
| 8. | ਰਾਖਵਾਂਕਰਨ ਸਬੰਧੀ ਮਹੱਤਵਪੂਰਨ ਹਦਾਇਤਾਂ | 11 |
| 9. | ਫੀਸ ਸਬੰਧੀ ਵੇਰਵਾ | 11 |
| 10. | ਚੋਣ ਵਿਧੀ/ਪ੍ਰੀਖਿਆ ਸਬੰਧੀ ਜਾਣਕਾਰੀ | 11-13 |
| 11. | ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ | 13 |
| 12. | ਅਪਲਾਈ ਕਰਨ ਦੀ ਵਿਧੀ | 13-15 |
| 13 | ਬਿਨੈਕਾਰ ਦੇ ਧਿਆਨ ਹਿੱਤ ਜ਼ਰੂਰੀ ਹਦਾਇਤਾਂ | 15-16 |

| ਇਸ਼ਤਿਹਾਰ ਨੰ. 04/2023 |
|---|

**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ**

https://sssb.punjab.gov.in

**ਜਨਤਕ ਨਿਯੁਕਤੀਆਂ**

**ਮਹੱਤਵਪੂਰਨ ਮਿਤੀਆਂ:-**

| | | |
|---|---|---|
| ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ | : | **23/08/2023** |
| ਆਨਲਾਈਨ ਅਰਜੀਆਂ ਸਬਮਿਟ/ਅਪਲਾਈ ਕਰਨ ਦੀ ਸ਼ੁਰੂਆਤੀ ਮਿਤੀ | : | **28/08/2023** |
| ਆਨਲਾਈਨ ਅਰਜੀਆਂ ਸਬਮਿਟ/ਅਪਲਾਈ ਕਰਨ ਦੀ ਆਖਰੀ ਮਿਤੀ | : | **22/09/2023 (05-00 pm ਤੱਕ)** |
| ਫੀਸ ਭਰਨ ਦੀ ਆਖਰੀ ਮਿਤੀ | : | **25/09/2023** |

1. **ਜਾਣ-ਪਹਿਚਾਣ**

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਸਥਾਪਨਾ ਭਾਰਤੀ ਸੰਵਿਧਾਨ ਦੀ ਧਾਰਾ 309 ਤਹਿਤ ਕੀਤੀ ਗਈ ਹੈ, ਜਿਸਦਾ ਮੁੱਖ ਮੰਤਵ ਪੰਜਾਬ ਸਰਕਾਰ ਦੇ ਅਦਾਰਿਆਂ ਵੱਲੋਂ ਪ੍ਰਾਪਤ ਹੋਏ ਮੰਗ ਪੱਤਰਾਂ ਅਨੁਸਾਰ ਪੰਜਾਬ ਸਰਕਾਰ ਦੇ ਅਦਾਰਿਆਂ ਵਿੱਚ ਗਰੁੱਪ-ਸੀ ਸੇਵਾਵਾਂ ਦੇ ਅਮਲੇ ਦੀ ਭਰਤੀ ਕਰਨਾ ਹੈ।

2. **ਵਿਸਥਾਰ ਪੂਰਵਕ ਸੂਚਨਾ**

ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਤੋਂ ਗਰੁੱਪ-ਸੀ ਦੀਆਂ ਅਸਾਮੀਆਂ ਲਈ ਪ੍ਰਾਪਤ ਮੰਗ ਪੱਤਰ ਅਤੇ ਅਸਾਮੀਆਂ ਦੇ ਵਰਗੀਕਰਨ ਅਨੁਸਾਰ ਹੇਠ ਦਰਸਾਏ ਵਿਭਾਗਾਂ ਦੀਆਂ ਵੱਖੋ-ਵੱਖਰੀਆਂ ਅਸਾਮੀਆਂ ਦੀ ਭਰਤੀ ਲਈ ਬੋਰਡ ਦੀ ਵੈਬਸਾਈਟ ***https://sssb.punjab.gov.in*** ਤੇ ਯੋਗ ਉਮੀਦਵਾਰਾਂ ਤੋਂ ਮਿਤੀ **28/08/2023 ਤੋਂ 22/09/2023 ਸ਼ਾਮ 05-00 ਵਜੇ** ਤੱਕ ਆਨਲਾਈਨ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ।

3. **ਅਸਾਮੀਆਂ ਦਾ ਕੈਟਾਗਰੀ-ਵਾਇਜ ਵਰਗੀਕਰਨ**

**(I) ਵਿਭਾਗ ਦਾ ਨਾਮ :** ਡਾਇਰੈਕਟਰ, ਫੋਰੈਂਸਿਕ ਸਾਇੰਸ ਲੈਬਾਰਟਰੀ, ਪੰਜਾਬ

| ਲੜੀ ਨੰ: | ਸ਼੍ਰੇਣੀ ਦਾ ਨਾਮ | ਅਸਾਮੀਆਂ ਦੀ ਗਿਣਤੀ | ਕਾਲਮ (c) ਵਿੱਚ ਦਰਸਾਈਆਂ ਅਸਾਮੀਆਂ ਵਿੱਚ ਇਸਤਰੀਆਂ ਲਈ ਰਾਖਵੀਆਂ ਅਸਾਮੀਆਂ ਦੀ ਗਿਣਤੀ |
|---|---|---|---|
| (a) | (b) | (c) | (d) |
| **(A) ਅਸਾਮੀ ਦਾ ਨਾਮ - ਲੈਬਾਟਰੀ ਅਟੈਂਡੈਂਟ** (ਕੁੱਲ ਅਸਾਮੀਆਂ -27) | | | |
| 1. | GENERAL | 08 | 00 |
| 2. | S.C (M & B) | 02 | 02 |
| 3. | S.C (R & O) | 01 | 01 |
| 4. | BC | 03 | 01 |
| 5. | Ex Servicemen(GEN) | 03 | 02 |
| 6. | ESM SC (M&B) | 01 | 00 |
| 7. | ESM SC (R&O) | 00 | 00 |
| 8. | Sports General | 01 | 01 |
| 9. | Sports SC (M&B) | 01 | 00 |

| | | | |
|---|---|---|---|
| 10. | Sports SC (R&O) | 00 | 00 |
| 11. | Physically Handicapped Ortho | 01 | 00 |
| 12. | Physically Handicapped Hearing Impared | 01 | 00 |
| 13. | Economically Weaker Section | 05 | 02 |
| | Total | 27 | 09 |
| **(B) ਅਸਾਮੀ ਦਾ ਨਾਮ- ਲੈਬਾਟਰੀ ਸਹਾਇਕ** (ਕੁੱਲ ਅਸਾਮੀਆਂ -09) | | | |
| 1. | General | 01 | 00 |
| 2. | S.C (M & B) | 01 | 01 |
| 3. | S.C (R & O) | 01 | 01 |
| 4. | BC | 01 | 00 |
| 5. | Sports General | 01 | 01 |
| 6. | Sports SC (M&B) | 01 | 00 |
| 7. | Sports SC (R&O) | 00 | 00 |
| 8. | Physically Handicapped Hearing Impared | 01 | 00 |
| 9. | Economically Weaker Section | 02 | 01 |
| | Total | 09 | 04 |

**(II) ਵਿਭਾਗ ਦਾ ਨਾਮ :** ਡਾਇਰੈਕਟਰ ਪੁਰਾਲੇਖ ਵਿਭਾਗ ਪੰਜਾਬ

| ਲੜੀ ਨੰ: | ਸ਼੍ਰੇਣੀ ਦਾ ਨਾਮ | ਅਸਾਮੀਆਂ ਦੀ ਗਿਣਤੀ | ਕਾਲਮ (c) ਵਿੱਚ ਦਰਸਾਈਆਂ ਅਸਾਮੀਆਂ ਵਿੱਚ ਇਸਤਰੀਆਂ ਲਈ ਰਾਖਵੀਆਂ ਅਸਾਮੀਆਂ ਦੀ ਗਿਣਤੀ |
|---|---|---|---|
| (a) | (b) | (c) | (d) |
| **ਅਸਾਮੀ ਦਾ ਨਾਮ - ਲਾਇਬ੍ਰੇਰੀ ਸਹਾਇਕ** (ਕੁੱਲ ਅਸਾਮੀਆਂ -01) | | | |
| 1. | General | 01 | 00 |

**(III) ਵਿਭਾਗ ਦਾ ਨਾਮ:** ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ

| ਲੜੀ ਨੰ: | ਸ਼੍ਰੇਣੀ ਦਾ ਨਾਮ | ਅਸਾਮੀਆਂ ਦੀ ਗਿਣਤੀ | ਕਾਲਮ (c) ਵਿੱਚ ਦਰਸਾਈਆਂ ਅਸਾਮੀਆਂ ਵਿੱਚ ਇਸਤਰੀਆਂ ਲਈ ਰਾਖਵੀਆਂ ਅਸਾਮੀਆਂ ਦੀ ਗਿਣਤੀ |
|---|---|---|---|
| (a) | (b) | (c) | (d) |
| **(A)ਅਸਾਮੀ ਦਾ ਨਾਮ - ਸਹਾਇਕ ਲਾਇਬ੍ਰੇਰੀਅਨ** (ਕੁੱਲ ਅਸਾਮੀਆਂ -01) | | | |
| 1. | General | 01 | 00 |
| **(B) ਅਸਾਮੀ ਦਾ ਨਾਮ- ਪਰੂਫ਼ ਰੀਡਰ** (ਕੁਲ ਅਸਾਮੀਆਂ- 02) | | | |
| 1. | General | 01 | 00 |
| 2. | SC (M&B) | 01 | 00 |
| 3. | SC (R&O) | 00 | 00 |
| | Total | 02 | 00 |

Formnotice.Com

| (C) **ਅਸਾਮੀ ਦਾ ਨਾਮ - ਕਾਪੀ ਹੋਲਡਰ** (ਕੁਲ ਅਸਾਮੀਆਂ-01) | | | |
|---|---|---|---|
| 1. | SC (M&B) | 01 | 00 |
| 2. | SC (R&O) | 00 | 00 |

**(IV) ਵਿਭਾਗ ਦਾ ਨਾਮ :** ਡਾਇਰੈਕਟਰ ਸਭਿਆਚਾਰਕ ਮਾਮਲੇ ਵਿਭਾਗ, ਪੰਜਾਬ

| **ਲੜੀ ਨੰ:** | **ਸ਼੍ਰੇਣੀ ਦਾ ਨਾਮ** | **ਅਸਾਮੀਆਂ ਦੀ ਗਿਣਤੀ** | **ਕਾਲਮ (c) ਵਿੱਚ ਦਰਸਾਈਆਂ ਅਸਾਮੀਆਂ ਵਿੱਚ ਇਸਤਰੀਆਂ ਲਈ ਰਾਖਵੀਆਂ ਅਸਾਮੀਆਂ ਦੀ ਗਿਣਤੀ** |
|---|---|---|---|
| **(a)** | **(b)** | **(c)** | **(d)** |
| **ਅਸਾਮੀ ਦਾ ਨਾਮ - ਲਾਇਬ੍ਰੇਰੀਅਨ** (ਕੁੱਲ ਅਸਾਮੀਆਂ -01) | | | |
| 1. | GENERAL | 01 | 00 |

**(IV) ਵਿਭਾਗ ਦਾ ਨਾਮ : ਦਫਤਰ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ।**

| **ਲੜੀ ਨੰ:** | **ਸ਼੍ਰੇਣੀ ਦਾ ਨਾਮ** | **ਅਸਾਮੀਆਂ ਦੀ ਗਿਣਤੀ** | **ਕਾਲਮ (c) ਵਿੱਚ ਦਰਸਾਈਆਂ ਅਸਾਮੀਆਂ ਵਿੱਚ ਇਸਤਰੀਆਂ ਲਈ ਰਾਖਵੀਆਂ ਅਸਾਮੀਆਂ ਦੀ ਗਿਣਤੀ** |
|---|---|---|---|
| **(a)** | **(b)** | **(c)** | **(d)** |
| **ਅਸਾਮੀ ਦਾ ਨਾਮ - ਮੋਟਰ ਗੱਡੀ ਇੰਸਪੈਕਟਰ** (ਕੁੱਲ ਅਸਾਮੀਆਂ -23) | | | |
| 1. | GENERAL | 08 | 03 |
| 2. | S.C (M & B) | 02 | 01 |
| 3. | S.C (R & O) | 03 | 01 |
| 4. | BC | 01 | 01 |
| 5. | Ex Servicemen(GEN) | 02 | 01 |
| 6. | ESM BC | 01 | 00 |
| 7. | Sports SC (M&B) | 02 | 01 |
| 8. | Sports SC (R&O) | 00 | 00 |
| 9. | Physically Handicapped Ortho | 01 | 01 |
| 10. | Physically Handicapped Visual Impared | 01 | 00 |
| 11. | Economically Weaker Section | 02 | 01 |
| | Total | 23 | 10 |

**(V) ਵਿਭਾਗ ਦਾ ਨਾਮ : ਦਫਤਰ ਪ੍ਰਧਾਨ ਮੁੱਖ ਵਣ ਪਾਲ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ।**

| **ਲੜੀ ਨੰ:** | **ਸ਼੍ਰੇਣੀ ਦਾ ਨਾਮ** | **ਅਸਾਮੀਆਂ ਦੀ ਗਿਣਤੀ** | **ਕਾਲਮ (c) ਵਿੱਚ ਦਰਸਾਈਆਂ ਅਸਾਮੀਆਂ ਵਿੱਚ ਇਸਤਰੀਆਂ ਲਈ ਰਾਖਵੀਆਂ ਅਸਾਮੀਆਂ ਦੀ ਗਿਣਤੀ** |
|---|---|---|---|
| **(a)** | **(b)** | **(c)** | **(d)** |
| **ਅਸਾਮੀ ਦਾ ਨਾਮ - ਉਪਰੇਂਜਰ** (ਕੁੱਲ ਅਸਾਮੀਆਂ -05) | | | |
| 1. | GENERAL | 03 | 00 |

| | | | |
|---|---|---|---|
| 2. | SC (M&B) | 00 | 00 |
| 3. | S.C (R & O) | 01 | 00 |
| 4. | BC | 01 | 01 |
| | Total | 05 | 01 |

**(VI) ਵਿਭਾਗ ਦਾ ਨਾਮ : ਡਾਇਰੈਕਟੋਰੇਟ, ਮੱਛੀ ਪਾਲਣ ਵਿਭਾਗ, ਪੰਜਾਬ।**

| **ਲੜੀ ਨੰ:** | **ਸ਼੍ਰੇਣੀ ਦਾ ਨਾਮ** | **ਅਸਾਮੀਆਂ ਦੀ ਗਿਣਤੀ** | **ਕਾਲਮ (c) ਵਿੱਚ ਦਰਸਾਈਆਂ ਅਸਾਮੀਆਂ ਵਿੱਚ ਇਸਤਰੀਆਂ ਲਈ ਰਾਖਵੀਆਂ ਅਸਾਮੀਆਂ ਦੀ ਗਿਣਤੀ** |
|---|---|---|---|
| **(a)** | **(b)** | **(c)** | **(d)** |
| **ਅਸਾਮੀ ਦਾ ਨਾਮ - ਮੱਛੀ ਪਾਲਣ ਅਫਸਰ** (ਕੁੱਲ ਅਸਾਮੀਆਂ -25) | | | |
| 1. | GENERAL | 08 | 02 |
| 2. | S.C (M & B) | 02 | 01 |
| 3. | S.C (R & O) | 01 | 00 |
| 4. | BC | 03 | 01 |
| 5. | Ex Servicemen General | 03 | 00 |
| 6. | Ex Servicemen SC (M & B) | 01 | 00 |
| 7. | Ex Servicemen SC (R & O) | 00 | 00 |
| 8. | Sports General | 01 | 01 |
| 9. | Sports SC (M & B) | 01 | 00 |
| 10. | Sports SC (R & O) | 00 | 00 |
| 11. | Physically Handicapped Visual Impared | 01 | 00 |
| 12. | Physically Handicapped Hearing Impared | 01 | 01 |
| 13. | Freedom Fighter | 01 | 01 |
| 14. | Economically Weaker Section | 02 | 01 |
| | Total | 25 | 08 |

**ਨੋਟ:-**

(ੳ) ਉਪਰੋਕਤ ਰਾਖਵਾਂਕਰਨ ਅਤੇ ਸ਼੍ਰੇਣੀ-ਵਾਈਜ ਵਰਗੀਕਰਨ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਮੰਗ ਪੱਤਰਾਂ ਦੇ ਅਧਾਰ ਤੇ ਦਰਸਾਇਆ ਗਿਆ ਹੈ। ਜੇਕਰ ਸਬੰਧਤ ਵਿਭਾਗ ਭਵਿੱਖ ਵਿੱਚ ਭਰਤੀ ਪ੍ਰਕਿਰਿਆ ਦੀ ਕਿਸੇ ਵੀ ਸਟੇਜ ਤੇ ਕਿਸੇ ਵੀ ਕਾਰਨ ਉਪਰੋਕਤ ਦਰਸਾਈਆਂ ਅਸਾਮੀਆਂ ਦੀ ਗਿਣਤੀ ਘਟਾਉਣ ਜਾਂ ਵਧਾਉਣ ਜਾਂ

ਅਸਾਮੀਆਂ ਦੀ ਮੰਗ ਮੁਕੰਮਲ ਰੂਪ ਵਿੱਚ ਵਾਪਿਸ ਲੈਣ ਦਾ ਫੈਸਲਾ ਲੈਂਦਾ ਹੈ ਜਾਂ ਉਪਰੋਕਤ ਦਰਸਾਏ ਸ਼੍ਰੇਣੀਆਂ ਦੇ ਵਰਗੀਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ/ਸੋਧ ਕਰਨ ਦਾ ਫੈਸਲਾ ਲੈਂਦਾ ਹੈ ਤਾਂ ਬੋਰਡ ਦੁਆਰਾ ਇਸ ਸਬੰਧੀ ਭਰਤੀ ਵਿੱਚ ਸੋਧ ਕੀਤੀ ਜਾ ਸਕਦੀ ਹੈ ਜਾਂ ਇਸ਼ਤਿਹਾਰ ਨੂੰ ਮੂਲ ਰੂਪ ਵਿੱਚ ਵਾਪਿਸ ਲਿਆ ਜਾ ਸਕਦਾ ਹੈ । ਅਜਿਹੀ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਸਮੂਹ ਉਮੀਦਵਾਰਾਂ ਤੇ ਲਾਗੂ ਹੋਵੇਗੀ।

(ਅ) ਸਮਰੱਥ ਅਥਾਰਟੀ ਵੱਲੋਂ ਜੇਕਰ ਕਿਸੇ ਨਵੇਂ ਵਿਭਾਗ ਤੋਂ ਉਪਰੋਕਤ ਦਰਸਾਈ ਹੋਰ ਅਸਾਮੀਆਂ ਪ੍ਰਾਪਤ ਹੁੰਦੀਆਂ ਹਨ ਤਾਂ ਬੋਰਡ ਦੁਆਰਾ ਅਸਾਮੀਆਂ ਦੀ ਗਿਣਤੀ ਵਧਾਉਣ ਸਬੰਧੀ, ਇਸ ਭਰਤੀ ਵਿਚ ਸੋਧ ਕੀਤੀ ਜਾ ਸਕਦੀ ਹੈ। ਅਜਿਹੀ ਹਰ ਤਰ੍ਹਾਂ ਦੀ ਸੋਧ ਸਮੂਹ ਉਮੀਦਵਾਰਾਂ ਤੇ ਲਾਗੂ ਹੋਵੇਗੀ।

(ੲ) ਸਾਬਕਾ ਫੌਜੀ ਕੈਟਾਗਰੀ ਦੀਆਂ ਅਸਾਮੀਆਂ ਸਾਬਕਾ ਫੌਜੀ ਸੈਲਫ ਉਮੀਦਵਾਰਾਂ ਵਿੱਚੋਂ ਭਰੀਆਂ ਜਾਣਗੀਆਂ। ਸਾਬਕਾ ਫੌਜੀ ਸੈਲਫ ਉਮੀਦਵਾਰ ਉਪਲਬਧ ਨਾ ਹੋਣ ਦੀ ਸਥਿਤੀ ਵਿੱਚ ਹੀ ਇਹ ਅਸਾਮੀਆਂ ਸਾਬਕਾ ਫੌਜੀ (ਆਸ਼ਰਿਤ) ਉਮੀਦਵਾਰਾਂ ਵਿੱਚੋਂ ਭਰੀਆਂ ਜਾਣਗੀਆਂ।

(ਸ) ਪੰਜਾਬ ਸਰਕਾਰ, ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਨੋਟੀਫਿਕੇਸ਼ਨ ਮਿਤੀ **08/05/2020** ਮੁਤਾਬਿਕ ਜੇਕਰ ਕਿਸੇ ਅਸਾਮੀ ਵਿਰੁੱਧ ਸਾਬਕਾ ਫੌਜੀ ਖੁਦ ਜਾਂ ਸਾਬਕਾ ਫੌਜੀ ਆਸ਼ਰਿਤ ਉਮੀਦਵਾਰ ਉਪਲੱਬਧ ਨਹੀਂ ਹੁੰਦਾ ਤਾਂ ਇਹ ਅਸਾਮੀ ਹੇਠ ਲਿਖੇ ਨਿਯਮ ਅਨੁਸਾਰ ਭਰੀ ਜਾਵੇਗੀ **:-**

In the Punjab Recruitment of Ex-Servicemen Rules, 1982, in rule 4, in sub-rule (1), for the existing third proviso, the following proviso shall be substituted, namely:-

"Provided further that when an ex-serviceman is not available for recruitment against a reserved vacancy and further no wife or dependent child of an Ex-serviceman is available for recruitment against a reserved vacancy, such shall be reserved to be filled in by recruitment of the grand child of a Gallantry Award Winner, in case the benefit of reservation has not been availed of by any of the children or dependents of such winner or by the winner himself subject to the conditions specified in the second provision."

## 4. ਅਸਾਮੀਆਂ ਅਪਲਾਈ ਕਰਨ ਲਈ ਕੈਟਾਗਰੀ ਕੋਡ:

| ਲੜੀ ਨੰ: | ਸ਼੍ਰੇਣੀ | ਸ਼੍ਰੇਣੀ (Category) ਦਾ ਨਾਮ | ਕੋਡ (Code) |
|---|---|---|---|
| **1.** | GEN | ਜਨਰਲ | 101 |
| **2.** | EWS (GEN) | ਆਰਥਿਕ ਤੌਰ ਤੇ ਕਮਜੋਰ ਵਰਗ | 102 |
| **3.** | S.C (M & B) | ਅਨੁਸੂਚਿਤ ਜਾਤੀ (ਮਜਬੀ ਬਾਲਮਿਕੀ) | 103 |

| | | | |
|---|---|---|---|
| **4.** | S.C.(R&O) | ਅਨੁਸੂਚਿਤ ਜਾਤੀ (ਰਾਮਦਾਸੀਆ ਤੇ ਹੋਰ) | 104 |
| **5.** | BC | ਪਛੜੀ ਸ਼੍ਰੇਣੀ | 105 |
| **6.** | ESM GENERAL (SELF) | ਸਾਬਕਾ ਫੌਜੀ (ਜਨਰਲ) (ਖੁਦ) | 106 |
| **7.** | ESM GENERAL (DEPENDENT) | ਸਾਬਕਾ ਫੌਜੀ (ਜਨਰਲ) (ਆਸ਼ਰਿਤ) | 107 |
| **8.** | ESM(SC) (M&B) (SELF) | ਸਾਬਕਾ ਫੌਜੀ ਅਨੁਸੂਚਿਤ ਜਾਤੀ (ਮਜਹੱਬੀ/ਬਾਲਮਿਕੀ) (ਖੁਦ) | 108 |
| **9.** | ESM (SC) (M&B) (DEPENDENT) | ਸਾਬਕਾ ਫੌਜੀ ਅਨੁਸੂਚਿਤ ਜਾਤੀ (ਮਜਹੱਬੀ/ਬਾਲਮਿਕੀ) (ਆਸ਼ਰਿਤ) | 109 |
| **10.** | ESM(SC) (R&O) (SELF) | ਸਾਬਕਾ ਫੌਜੀ ਅਨੁਸੂਚਿਤ ਜਾਤੀ (ਰਾਮਦਾਸਿਆ ਅਤੇ ਹੋਰ) (ਖੁਦ) | 110 |
| **11.** | ESM (SC) (R&O) (DEPENDENT) | ਸਾਬਕਾ ਫੌਜੀ ਅਨੁਸੂਚਿਤ ਜਾਤੀ (ਰਾਮਦਾਸਿਆ ਅਤੇ ਹੋਰ) (ਆਸ਼ਰਿਤ) | 111 |
| **12.** | ESM BC (SELF) | ਸਾਬਕਾ ਫੌਜੀ ਪੱਛੜੀ ਸ਼ੇਣੀ (ਖੁਦ) | 112 |
| **13.** | ESM BC (DEPENDENT) | ਸਾਬਕਾ ਫੌਜੀ ਪੱਛੜੀ ਸ਼ੇਣੀ (ਆਸ਼ਰਿਤ) | 113 |
| **14.** | SPORTS (GEN) | ਖਿਡਾਰੀ (ਜਨਰਲ) | 114 |
| **15.** | SPORTS (SC-M&B) | ਖਿਡਾਰੀ (ਅਨੁਸੂਚਿਤ ਜਾਤੀ- ਮਜਬੀ ਬਾਲਮਿਕੀ) | 115 |
| **16.** | SPORTS (SC-R&O) | ਖਿਡਾਰੀ (ਅਨੁਸੂਚਿਤ ਜਾਤੀ- ਰਾਮਦਾਸਿਆ ਅਤੇ ਹੋਰ) | 116 |
| **17.** | Physically Handicapped (Ortho) | ਅੰਗਹੀਣ (ਆਰਥੋ) | 117 |
| **18.** | Physical Handicapped (Visually Impared) | ਅੰਗਹੀਣ (ਅੰਨੇ) | 118 |
| **19.** | Physically Handicapped (Hearing Impared) | ਅੰਗਹੀਣ (ਗੁੰਗੇ ਤੇ ਬੋਲੇ) | 119 |
| **20.** | Freedom Fighter | ਸਵਤੰਤਰਤਾ ਸੇਨਾਨੀ | 121 |

**5. ਤਨਖਾਹ ਸਕੇਲ ਅਤੇ ਭੱਤੇ:**

| ਲੜੀ ਨੰ. | ਅਸਾਮੀ ਦਾ ਨਾਂ | ਤਨਖਾਹ ਸਕੇਲ ਅਤੇ ਭੱਤੇ |
|---|---|---|
| **1.** | ਲੈਬਾਰਟਰੀ ਸਹਾਇਕ | 7ਵੇਂ ਕੇਂਦਰੀ ਪੈਟਰਨ (7th CPC) ਦੇ ਪੇ ਸਕੇਲਾਂ ਅਨੁਸਾਰ 25,500/- ਰੁਪਏ |
| **2.** | ਲੈਬਾਰਟਰੀ ਅਟੈਂਡੈਂਟ | 7ਵੇਂ ਕੇਂਦਰੀ ਪੈਟਰਨ (7th CPC) ਦੇ ਪੇ ਸਕੇਲਾਂ ਅਨੁਸਾਰ 19,900/- ਰੁਪਏ |
| **3.** | ਲਾਇਬ੍ਰੇਰੀਅਨ | 25,500/- (ਲੈਵਲ 4) |
| **4.** | ਲਾਇਬ੍ਰੇਰੀ ਸਹਾਇਕ | 21,700/- ਪੇ (ਲੈਵਲ 2) ਗਰੁੱਪ ਸੀ |
| **5.** | ਸਹਾਇਕ ਲਾਇਬ੍ਰੇਰੀਅਨ | 25,500/-(ਘੱਟੋ ਘੱਟ ਮਿਲਣਯੋਗ ਤਨਖਾਹ- 6ਵੇਂ ਤਨਖਾਹ ਕਮੀਸ਼ਨ ਅਨੁਸਾਰ) |
| **6.** | ਪਰੂਫ਼ ਰੀਡਰ | 19,900/-(ਘੱਟੋ ਘੱਟ ਮਿਲਣਯੋਗ ਤਨਖਾਹ- 6ਵੇਂ ਤਨਖਾਹ ਕਮੀਸ਼ਨ ਅਨੁਸਾਰ) |
| **7.** | ਕਾਪੀ ਹੋਲਡਰ | 19,900/-(ਘੱਟੋ ਘੱਟ ਮਿਲਣਯੋਗ ਤਨਖਾਹ- 6ਵੇਂ ਤਨਖਾਹ ਕਮੀਸ਼ਨ ਅਨੁਸਾਰ) |
| **8.** | ਮੋਟਰ ਗੱਡੀ ਇੰਸਪੈਕਟਰ | 35,400/- |
| **9.** | ਉਪਰੇਂਜਰ | 7ਵੇਂ ਕੇਂਦਰੀ ਪੈਟਰਨ (7th CPC) ਦੇ ਪੇ ਸਕੇਲਾਂ ਅਨੁਸਾਰ 35,400/- |
| **10.** | ਮੱਛੀ ਪਾਲਣ ਅਫਸਰ | 7ਵੇਂ ਕੇਂਦਰੀ ਪੈਟਰਨ (7th CPC) ਦੇ ਪੇ ਸਕੇਲਾਂ ਅਨੁਸਾਰ 35,400/- |

**(i)** **ਵਿੱਤ ਵਿਭਾਗ** (**ਵਿੱਤ ਪ੍ਰਸੋਨਲ** 1 **ਸ਼ਾਖਾ**) **ਦੇ ਪੱਤਰ ਨੰ** . 7/204/2012-4FP1/66-72, **ਮਿਤੀ** 15/01/2015 **ਅਤੇ ਪੱਤਰ ਨੰ** . 07/204/2015-4FP1/853793 **ਮਿਤੀ**: 04.10.2016 **ਅਤੇ ਸਮੇਂ ਸਮੇਂ ਤੇ ਇਸ ਸਬੰਧੀ ਜਾਰੀ ਹੋਏ ਹੋਰ ਪੱਤਰ ਲਾਗੂ ਹੋਣਗੇ।**

**6. ਵਿੱਦਿਅਕ ਯੋਗਤਾ (Educational Qualification):-**

**(I) (A) ਵਿਭਾਗ ਦਾ ਨਾਮ :** ਡਾਇਰੈਕਟਰ, ਫੋਰੈਂਸਿਕ ਸਾਇੰਸ ਲੈਬਾਰਟਰੀ, ਪੰਜਾਬ

| ਲੜੀ ਨੰ. | ਅਸਾਮੀ ਦਾ ਨਾਮ | ਵਿਦਿਅਕ ਯੋਗਤਾ (Educational Qualification) |
|---|---|---|
| 1. | ਲੈਬਾਟਰੀ ਅਟੈਂਡੈਂਟ | (i) Should have passed 10+2 examination with Science from recognized University or Institution.<br>(ii) Should have passed matric level Punjabi |
| 2. | ਲੈਬਾਟਰੀ ਸਹਾਇਕ | (i) Should possess B.Sc from a recognized University or Institution with any of the three Science subjects from the subjects of Physics, Chemistry, Mathematics and Biology.<br>(ii) Should have passed matric level Punjabi |
| 3 | ਲਾਇਬ੍ਰੇਰੀ ਸਹਾਇਕ | (i) B.Lib or equivalent qualification from a recognized University<br>(ii) 03 years experience as an Assistant University Librarian/College Librarian.<br>(iii) Possesses at least one hundred and twenty hours course with hands on experience in the use of Personal Computer or Information Technology in Office Productivity applications or Desktop Publishing applications from a Government recognized institution or a reputed institution, which is ISO 9001, certified<br>Or<br>Possesses a Computer Information Technology |

| | | |
|---|---|---|
| | | course equivalent to ‘O’ Level certificate of D epartment of Electronics Accrediation of Computer Course (DOEACC) of Government of India. |
| 4 | ਲਾਇਬ੍ਰੇਰੀਅਨ | (i) Should possess B.Lib (Bachelor of Library Science) or BLISc. (Bachelor of Library Information Science) from any recognized university. |
| 5. | ਸਹਾਇਕ ਲਾਇਬ੍ਰੇਰੀਅਨ | (i) Should have passed Bachelor of Library Science and Information or Post Graduation in Library Science and Information from a recognized University or an Institution.<br>(ii) Should have passed Matriculation examination with Punjabi as one of the compulsory or elective subjects or any other equivalent examination in Punjabi Language, which may be specified by the Govt. from time to time.<br>(iii) Candidate shall have to acquire the qualification of Urdu Amoz or equivalent within a period of one year from the date of his appointment. |
| 6. | ਪਰੂਫ਼ ਰੀਡਰ | (i) Should have passed Graduation from a recognized University or an Institution.<br>(ii) Should have at least one year working experience of proof reading in Punjabi or Hindi Language in Govt. or Public Sector Undertakings or Autonomous Bodies of the Government, leading newspapers and magazines or publishing houses. |
| 7. | ਕਾਪੀ ਹੋਲਡਰ | (i) Should have passed Graduation from a recognized University or an Institution.<br>(ii) One year experience of proof reading in Punjabi or Hindi Language. |
| 8. | ਮੋਟਰ ਗੱਡੀ ਇੰਸਪੈਕਟਰ | (i) Should have passed Senior Secondary Part-II examination from recognized University/Board or Institution.<br>(ii) (a) Should have a Diploma in Automobile Engineering (Three Year Course) from a recognized University or Institution<br>Or<br>(b) A Diploma in Mechanical Engineering (Three Year Course) awarded by the State Board of Technical Education<br>Or<br>(c) Any qualification in either of the discipline(s) mentioned in (a), and (b) above, declared equivalent by the Central Government or the Punjab |

| | | |
|---|---|---|
| | | Government.<br><br>(iii) Should have an experience of working for a minimum period of one year in a reputed automobile workshop which undertakes repair of light Motor Vehicle, Heavy Goods Vehicle and Heavy Passenger Motor Vehicles fitted with petrol or diesel engine and<br><br>(iv) Should hold a driving liscense authorizing him to drive motor cycle, heavy goods vehicle and heavy passenger motor vehicles. |
| 9. | ਉਪਰੇਂਜਰ | (a) Should have passed a Degree of Bachelor in Science or a Degree of Bachelor in Engineering from a recognized University or Institution.<br>(b) Should fulfil the following Physical Standard, namely :<br>(i) Height<br>Male — Female<br>167 cms — 150 cms<br>(ii) Chest<br>Unexpanded - 79 cms — 74 cms<br>Expanded - 84 cms — 79 cms<br><br>(iii) Walk Test of twenty-five Kms for males and fourteen Kms for females to be completed withing four hours. |
| 10. | ਮੱਛੀ ਪਾਲਣ ਅਫਸਰ | (i) Should possess Bachelor's degree in Fisheries Science from a recognized University/Institution or<br>(ii) Should possess Bachelor's degree in Science with Zoology from a recognized University or institution as one of the subject, having diploma in Inland Fisheries from a recognized Institution.<br>(iii) Matric with Punjabi. |

**ਨੋਟ:-**

(I) ਉਪਰ ਦਰਸਾਈਆਂ ਵੱਖ ਵੱਖ ਤਰ੍ਹਾਂ ਦੀਆਂ ਅਸਾਮੀਆਂ ਲਈ Punjab Civil Services (General and Common Conditions of Service) Rules, 1994, ਦੇ ਨਿਯਮ 17 ਤਹਿਤ ਦਸਵੀਂ ਪੱਧਰ ਤੇ ਪੰਜਾਬੀ ਜਾਂ ਇਸਦੇ ਬਰਾਬਰ ਦੀ ਯੋਗਤਾ ਪਾਸ ਕੀਤੀ ਹੋਣੀ ਲਾਜ਼ਮੀ ਹੈ। ਇਸ ਨਿਯਮ ਦੀ ਇਬਾਰਤ ਹੇਠ ਅਨੁਸਾਰ ਹੈ:-

> ***"17.Knowledge of Punjabi Language-*** *No person shall be appointed to any post in any service by direct appointment unless he has passed Matriculation examination with Punjabi as one of the compulsory or elective subjects or any other equivalent examination in Punjabi language which may be specified by the Government from time to time."*

(II) ਪੰਜਾਬ ਸਰਕਾਰ ਦੇ ਨੋਟੀਫ਼ਿਕੇਸ਼ਨ ਨੰ GSR72/Const./Art.309/Amd.(22)/2022 ਮਿਤੀ: 28.10.2022 ਅਨੁਸਾਰ ਉਮੀਦਵਾਰ ਨੂੰ ਦਸਵੀਂ ਪੱਧਰ ਦਾ ਪੰਜਾਬੀ ਭਾਸ਼ਾ ਦੀ qualifying nature ਦੀ ਪ੍ਰੀਖਿਆ ਵਿਚ 50% ਅੰਕ ਲੈਣੇ ਲਾਜਮੀ ਹਨ। ਇਸ ਨਿਯਮ ਦੀ ਇਬਾਰਤ ਹੇਠ ਅਨੁਸਾਰ ਹੈ:

> " Provided that no person shall be appointed to any post in Group-'C' service unless he had passed a qualifying test of Punjabi Language equivalent to Matriculation standard with at least fifty per cent marks, to be conducted by respective recruitment agencies in addition to cpmpetitive examination. The test pf Punjabu Language shall be a mandatory qualifying test and failure to secure a minimum of fifty per cent marks in Punjabi Language will disqualify the candidate for being considered in the final merit list of candidates to be selected irrespective of their scores or marks in other papers of the respective exam:
>
> Provided further that where a person."

(III) ਵਿੱਦਿਅਕ ਯੋਗਤਾ/ਤਕਨੀਕੀ ਯੋਗਤਾ ਸਰਟੀਫਿਕੇਟ ਅਪਲਾਈ ਕਰਨ ਦੀ ਅੰਤਿਮ ਮਿਤੀ ਤੋਂ ਪਹਿਲਾਂ ਦਾ ਜਾਰੀ ਹੋਇਆ ਹੋਣਾ ਜਰੂਰੀ ਹੈ।

**7. <u>ਉਮਰ ਸੀਮਾ:-</u>** ਉਪਰੋਕਤ ਅਸਾਮੀਆਂ ਲਈ ਉਮਰ ਸੀਮਾ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ 01-01-2023 ਨੂੰ ਹੇਠ ਅਨੁਸਾਰ ਹੋਣੀ ਚਾਹੀਦੀ ਹੈ:

(I) ਜਨਰਲ ਸ਼੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

(II) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਵਸਨੀਕ ਉਮੀਦਵਾਰਾਂ ਦੀ ਵੱਧ ਤੋਂ ਵੱਧ ਉਮਰ ਸੀਮਾ 42 ਸਾਲ ਹੋਵੇਗੀ।

(III) ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਲਈ ਉਪਰਲੀ ਉਮਰ ਸੀਮਾ ਵਿੱਚ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 45 ਸਾਲ ਹੋਵੇਗੀ।

(IV) ਪੰਜਾਬ ਦੇ ਵਸਨੀਕ ਸਾਬਕਾ ਫੌਜੀਆਂ ਦੇ ਕੇਸ ਵਿੱਚ ਉਪਰਲੀ ਉਮਰ ਸੀਮਾ Punjab Recruitment of Ex-servicemen Rules, 1982 ਵਿੱਚ ਸਮੇਂ-ਸਮੇਂ ਹੋਈਆਂ ਸੋਧਾਂ ਅਨੁਸਾਰ ਹੋਵੇਗੀ। ਇਹ ਉਮਰ ਸੀਮਾ ਉਨ੍ਹਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ **ਸਮਾਂ** ਉਨ੍ਹਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉਪਰਲੀ ਉਮਰ ਸੀਮਾ ਤੋਂ 3 ਸਾਲ ਤੋਂ ਵੱਧ ਨਹੀਂ ਹੋਵੇਗੀ ਤਾਂ ਮੰਨਿਆ ਜਾਵੇਗਾ ਕਿ ਉਹ ਉਮਰ ਸੀਮਾ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।

(V) ਪੰਜਾਬ ਦੇ ਵਸਨੀਕ **ਦਿਵਿਆਂਗਜਨਾਂ** ਲਈ ਉਪਰਲੀ ਉਮਰ ਸੀਮਾ ਵਿੱਚ 10 ਸਾਲ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 47 ਸਾਲ ਹੋਵੇਗੀ।

(VI) The upper age limit for widows, divorcees and certain other categories of married women as per instructions issued by the Government of Punjab vide Letter No. 1/50/83-5PP(1368)/3454 Dated 23/04/1984 will be relaxed up to 40 years.

**ਨੋਟ:-** **ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਨੂੰ ਉਮਰ ਦੀ ਉਪਰਲੀ ਸੀਮਾ ਵਿੱਚ ਛੋਟ ਲੈਣ ਲਈ ਆਪਣੇ ਵਿਭਾਗ ਤੋਂ NOC ਲੈ ਕੇ ਕੌਂਸਲਿੰਗ ਸਮੇਂ ਪੇਸ਼ ਕਰਨਾ ਪਵੇਗਾ।**

## 8. Reservation/ ਰਾਖਵਾਂਕਰਨ ਸੰਬੰਧੀ ਮਹੱਤਵਪੂਰਨ ਹਦਾਇਤਾਂ:-

(I) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਰਾਜ ਦੇ ਵਸਨੀਕਾਂ ਨੂੰ ਹੀ ਮਿਲਣਯੋਗ ਹੋਵੇਗਾ।

(II) ਰਾਖਵਾਂਕਰਨ ਦਾ ਲਾਭ ਲੈਣ ਲਈ ਉਮੀਦਵਾਰ ਪੰਜਾਬ ਦਾ ਵਸਨੀਕ ਹੋਣ ਦਾ ਜਾਰੀ ਹੋਇਆ ਸਰਟੀਫਿਕੇਟ (Domicile Certificate) ਅਪਲੋਡ/ਪੇਸ਼ ਕਰੇਗਾ। ਇਹ ਸਰਟੀਫਿਕੇਟ ਅਪਲੋਡ/ਪੇਸ਼ ਕਰਨ ਸਮੇਂ 5 ਸਾਲ ਤੋਂ ਪੁਰਾਣਾ ਨਹੀਂ ਹੋਣਾ ਚਾਹੀਦਾ ਹੈ।

(III) ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਸਾਬਕਾ ਫੌਜੀਆਂ ਦਾ ਸਰਟੀਫਿਕੇਟ/EWS ਦਾ ਸਰਟੀਫਿਕੇਟ ਪੰਜਾਬ ਸਰਕਾਰ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਹੋਣਾ ਲਾਜ਼ਮੀ ਹੈ।

## 9. ਫੀਸ ਸੰਬੰਧੀ ਵੇਰਵਾ-

| | | |
|---|---|---|
| ਆਮ ਵਰਗ (GEN)/ਸੁਤੰਤਰਤਾ ਸੰਗਰਾਮੀ/ਖਿਡਾਰੀ | - | 1000/- ਰੁ: |
| ਐਸ.ਸੀ.(SC)/ਬੀ.ਸੀ.(BC)/ਆਰਥਿਕ ਤੌਰ ਤੇ ਕਮਜੋਰ ਵਰਗ (EWS) | - | 250/- ਰੁ: |
| ਸਾਬਕਾ ਫੌਜੀ ਅਤੇ ਆਸ਼ਰਿਤ (Ex-servicemen Self & Dependent) | - | 200/- ਰੁ: |
| ਦਿਵਿਆਂਗਜਨ (Handicapped) | - | 500/- ਰੁ: |

**ਨੋਟ: ਉਮੀਦਵਾਰ ਦੁਆਰਾ ਇੱਕ ਵਾਰ ਅਦਾ ਕੀਤੀ ਫੀਸ ਕਿਸੇ ਵੀ ਸਥਿਤੀ ਵਿੱਚ ਵਾਪਸ ਨਹੀਂ ਕੀਤੀ ਜਾਵੇਗੀ।**

## 10. ਚੋਣ ਵਿਧੀ/ ਪ੍ਰੀਖਿਆ ਸੰਬੰਧੀ ਜਾਣਕਾਰੀ-

**(I)** ਪ੍ਰਕਾਸ਼ਿਤ ਕੀਤੀਆਂ ਵੱਖ ਵੱਖ ਅਸਾਮੀਆਂ ਲਈ ਸਫਲਤਾਪੂਰਵਕ apply ਕਰਨ ਵਾਲੇ ਉਮੀਦਵਾਰਾਂ ਦੀ Objective Type {Multiple Choice Question(MCQ)} ਲਿਖਤੀ ਪ੍ਰੀਖਿਆ ਲਈ ਜਾਏਗੀ।

**(II)** ਉਪਰੇਂਜਰ ਦੀ ਅਸਾਮੀ ਲਈ ਪ੍ਰਕਾਸ਼ਿਤ ਕੀਤੀਆਂ ਅਸਾਮੀਆਂ ਲਈ ਤਿੰਨ ਪੜਾਅ (three stages) ਵਿੱਚ ਪ੍ਰੀਖਿਆ ਹੋਵੇਗੀ ਜੋ ਕਿ ਕ੍ਰਮਵਾਰ Objective type (Multiple Choice Questions) ਲਿਖਤੀ ਪ੍ਰੀਖਿਆ, Physical Measurement Test ਅਤੇ Physical Efficiency Test ਹੋਵੇਗੀ। ਪਹਿਲੇ ਪੜਾਅ ਵਿੱਚ ਹੋਣ ਵਾਲੀ ਲਿਖਤੀ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਉਮੀਦਵਾਰਾਂ ਦੀ ਮੈਰਿਟ ਸੂਚੀ (Merit List) ਤਿਆਰ ਕੀਤੀ ਜਾਏਗੀ। ਇਸ ਮੈਰਿਟ ਸੂਚੀ ਵਿੱਚ ਮੌਜੂਦ ਉਮੀਦਵਾਰਾਂ ਨੂੰ ਅਸਾਮੀ ਲਈ ਤੈਅ ਕੀਤੇ ਸਰੀਰਕ ਮਾਪਦੰਡ ਪੂਰਾ ਕਰਨ ਤੇ ਹੀ ਚੋਣ ਲਈ ਵਿਚਾਰਿਆ ਜਾਏਗਾ। ਇਸ ਮੰਤਵ ਲਈ ਦੂਜੇ ਪੜਾਅ ਵਿੱਚ ਮੈਰਿਟ ਦੇ ਆਧਾਰ ਤੇ ਉਮੀਦਵਾਰਾਂ ਦਾ Physical Measurement Test ਲਿਆ ਜਾਵੇਗਾ। Physical Measurement Test ਵਿੱਚ ਤੈਅ ਮਾਪਦੰਡ ਪੂਰਾ ਕਰਨ ਵਾਲੇ ਉਮੀਦਵਾਰਾਂ ਦਾ ਤੀਜੇ ਪੜਾਅ ਵਿੱਚ Physical Efficiency Test ਲਿਆ ਜਾਵੇਗਾ। Physical Measurement Test ਅਤੇ Physical

Efficiency Test ਸਿਰਫ qualifiyiing nature ਦਾ ਹੋਵੇਗਾ। Physical Measurement Test ਅਤੇ Physical Efficiency Test ਪਾਸ ਕਰਨ ਵਾਲੇ ਉਮੀਦਵਾਰਾਂ ਨੂੰ ਸਿਰਫ ਲਿਖਤੀ ਪ੍ਰੀਖਿਆ ਦੀ ਮੈਰਿਟ ਦੇ ਆਧਾਰ ਤੇ ਹੀ ਚੋਣ ਲਈ ਵਿਚਾਰਿਆ ਜਾਵੇਗਾ। Physical Measurement Test ਅਤੇ Physical Efficiency Test ਪਾਸ ਨਾ ਕਰਨ ਵਾਲੇ ਉਮੀਦਵਾਰਾਂ ਨੂੰ ਫੇਲ /ਅਯੋਗ ਕਰਾਰ ਦਿੰਦੇ ਹੋਏ ਚੋਣ ਲਈ ਵਿਚਾਰਿਆ ਨਹੀਂ ਜਾਏਗਾ।

**(III)** ਉਪਰੇਂਜਰ ਦੀ ਅਸਾਮੀ ਲਈ ਭਰਤੀ ਦੇ ਦੂਸਰੇ ਪੜਾਅ ਵਿੱਚ Physical Measurement Test ਲੈਣ ਲਈ ਲਿਖਤੀ ਪ੍ਰੀਖਿਆ ਦੀ ਮੈਰਿਟ ਦੇ ਆਧਾਰ ਤੇ ਬੁਲਾਏ ਜਾਣ ਵਾਲੇ ਉਮੀਦਵਾਰਾਂ ਦੀ ਗਿਣਤੀ ਦਾ ਫੈਸਲਾ ਬੋਰਡ ਜਾਂ ਬੋਰਡ ਦੀ ਸਮਰੱਥ ਅਥਾਰਟੀ /ਅਧਿਕਾਰੀ ਵੱਲੋਂ ਸ਼੍ਰੇਣੀ ਵਾਈਜ ਅਸਾਮੀਆਂ ਦੀ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਜਾਏਗਾ। Physical Measurement Test ਸਫਲਤਾਪੂਰਵਕ ਪਾਸ ਕਰਨ ਵਾਲੇ ਉਮੀਦਵਾਰਾਂ ਨੂੰ ਹੀ ਤੀਸਰੇ ਪੜਾਅ ਵਿੱਚ Physical Efficiency Test ਲਈ ਬੁਲਾਇਆ ਜਾਏਗਾ। ਇਸ ਉਪਰੰਤ Physical Measurement Test ਅਤੇ Physical Efficiency Test ਵਿੱਚ ਪਾਸ ਉਮੀਦਵਾਰਾਂ ਨੂੰ ਹਰ ਤਰ੍ਹਾਂ ਦੇ ਦਸਤਾਵੇਜਾਂ ਦੀ ਪੜਤਾਲ/ਵੈਰੀਫਿਕੇਸ਼ਨ ਕਰਨ ਲਈ ਕਾਉਂਸਲਿੰਗ ਲਈ ਬੁਲਾਇਆ ਜਾਏਗਾ। ਕਾਉਂਸਲਿੰਗ ਉਪਰੰਤ ਮੁਕੰਮਲ ਤੌਰ ਤੇ ਸਫਲ/ਯੋਗ ਪਾਏ ਗਏ ਉਮੀਦਵਾਰਾਂ ਦੇ ਨਾਮ ਅਸਾਮੀਆਂ ਦੀ ਉਸ ਸਮੇਂ ਦੀ ਮੌਜੂਦਾ ਗਿਣਤੀ (ਜੋ ਕਿ ਸਬੰਧਤ ਵਿਭਾਗ ਦੇ ਹੁਕਮਾਂ/ਹਦਾਇਤਾਂ ਅਨੁਸਾਰ ਭਰਤੀ ਪ੍ਰਕੀਰਿਆ ਦੌਰਾਨ ਕਿਸੇ ਵੀ ਸਮੇਂ ਘਟਾਈ ਜਾਂ ਵਧਾਈ ਜਾ ਸਕਦੀ ਹੈ) ਅਨੁਸਾਰ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤੇ ਜਾਣਗੇ।

**(IV)** ਲਿਖਤੀ ਪ੍ਰੀਖਿਆ ਵਿੱਚ ਜੇਕਰ ਮੈਰਿਟ ਦੀ ਬਰਾਬਰਤਾ ਸੰਬੰਧੀ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਇਸ ਸਬੰਧੀ ਬਰਾਬਰ ਅੰਕ ਹਾਸਿਲ ਉਮੀਦਵਾਰਾਂ ਦੀ ਜਨਮ ਮਿਤੀ ਨੂੰ ਵਿਚਾਰਿਆ ਜਾਵੇਗਾ ਅਤੇ ਵੱਧ ਉਮਰ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ। ਜੇਕਰ ਬਰਾਬਰ ਮੈਰਿਟ ਹਾਸਿਲ ਉਮੀਦਵਾਰਾਂ ਦੀ ਜਨਮ ਮਿਤੀ ਮੁਤਾਬਿਕ ਉਮਰ ਵਿੱਚ ਵੀ ਬਰਾਬਰਤਾ ਪਾਈ ਜਾਂਦੀ ਹੈ ਤਾਂ ਇਸ ਸਬੰਧੀ ਉਮੀਦਵਾਰ ਦੀ ਮੰਗੀ ਵਿੱਦਿਅਕ ਯੋਗਤਾ ਦੀ ਪ੍ਰਤੀਸ਼ਤਤਾ ਨੂੰ ਵਿਚਾਰਦੇ ਹੋਏ ਵੱਧ ਅੰਕ ਹਾਸਿਲ ਕਰਨ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ ਅਤੇ ਜੇਕਰ ਉਪਰੋਕਤ ਦੋਵੇਂ ਸਥਿਤੀਆਂ ਵਿੱਚ ਵੀ ਅੰਕਾਂ ਦੀ ਬਰਾਬਰਤਾ ਦਾ ਵਿਵਾਦ ਨਹੀਂ ਸੁਲਝਦਾ ਹੈ ਤਾਂ ਅੰਤ ਵਿੱਚ ਮੈਟ੍ਰਿਕ ਦੇ ਅੰਕਾਂ ਨੂੰ ਵਿਚਾਰਦੇ ਹੋਏ ਮੈਟ੍ਰਿਕ ਵਿੱਚ ਵੱਧ ਅੰਕ ਹਾਸਿਲ ਕਰਨ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ।

**(V)** ਲਿਖਤੀ ਪ੍ਰੀਖਿਆ, Physical Efficiency Test and Physical Measurement Test ਲਈ ਰੋਲ ਨੰਬਰ, ਸਿਲੇਬਸ ਅਤੇ ਹੋਰ ਜਾਣਕਾਰੀ ਬੋਰਡ ਦੀ ਵੈੱਬਸਾਈਟ https://sssb.punjab.gov.in ਤੇ ਸਮੇਂ-ਸਮੇਂ ਤੇ ਜਾਰੀ ਕੀਤੀ ਜਾਵੇਗੀ। ਇਸ ਲਈ ਉਮੀਦਵਾਰ ਸਮੇਂ ਸਮੇਂ ਤੇ ਬੋਰਡ ਦੀ ਵੈੱਬਸਾਈਟ ਚੈੱਕ ਕਰਦੇ ਰਹਿਣਗੇ। ਕਿਸੇ ਵੀ ਉਮੀਦਵਾਰ ਨਾਲ ਵਿਅਕਤੀਗਤ ਤੌਰ ਤੇ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ,

ਜੇਕਰ ਕੋਈ ਉਮੀਦਵਾਰ ਵੈੱਬਸਾਈਟ ਚੈੱਕ ਨਹੀਂ ਕਰਦਾ ਤਾਂ ਬਾਅਦ ਵਿੱਚ ਉਸਦਾ ਕੋਈ ਕਲੇਮ ਮੰਨਣਯੋਗ ਨਹੀਂ ਹੋਵੇਗਾ।

**(VI)** ਆਨਲਾਈਨ ਅਪਲਾਈ ਕਰਨ ਜਾਂ ਲਿਖਤੀ ਪੇਪਰ/Physical Measurement Test/Physical Efficiency Test ਵਿੱਚ ਅਪੀਅਰ ਹੋਣ ਜਾਂ ਮੈਰਿਟ ਸੂਚੀ ਵਿੱਚ ਨਾਮ ਆਉਣ ਜਾਂ ਸਰੀਰਕ ਮਾਪਦੰਡ ਲਈ ਬੁਲਾਏ ਜਾਣ ਜਾਂ ਕਾਉਂਸਲਿੰਗ ਲਈ ਬੁਲਾਏ ਜਾਣ ਨਾਲ ਉਮੀਦਵਾਰ ਅਸਾਮੀ ਲਈ ਸਿਫਾਰਸ਼ ਹੋਣ ਦਾ ਅਧਿਕਾਰੀ ਨਹੀਂ ਬਣ ਜਾਵੇਗਾ। ਅਸਾਮੀਆਂ ਲਈ ਹਰ ਪੱਖੋਂ ਉਮੀਦਵਾਰ ਦੀ ਯੋਗਤਾ ਸਿੱਧ ਹੋਣ ਉਪਰੰਤ ਅਤੇ ਸਰੀਰਕ ਮਾਪਦੰਡ ਪੂਰਾ ਕਰਨ ਉਪਰੰਤ ਹੀ ਲਿਖਤੀ ਪ੍ਰੀਖਿਆ ਦੀ ਮੈਰਿਟ ਦੇ ਆਧਾਰ ਤੇ ਉਸਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤਾ ਜਾਏਗਾ। ਉਮੀਦਵਾਰ ਵੱਲੋਂ ਆਪਣੀ ਯੋਗਤਾ ਸਿੱਧ ਨਾ ਕਰ ਸਕਣ ਦੀ ਸਥਿਤੀ ਵਿੱਚ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਏਗੀ ਅਤੇ ਇਸ ਸਬੰਧੀ ਬੋਰਡ ਵੱਲੋਂ ਲਿਆ ਗਿਆ ਫੈਸਲਾ ਅੰਤਿਮ ਹੋਵੇਗਾ।

11. **ਉਮੀਦਵਾਰਾਂ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ:-**

ਹੇਠ ਲਿਖੀ ਕਿਸੇ ਵੀ ਸਥਿਤੀ ਵਿੱਚ ਉਮੀਦਵਾਰ ਨੂੰ ਅਯੋਗ ਕਰਾਰ ਦਿੰਦੇ ਹੋਏ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਏਗੀ:

(I) ਪੂਰੀ ਫੀਸ ਪ੍ਰਾਪਤ ਨਾ ਹੋਣਾ ਜਾਂ ਨਿਰਧਾਰਤ ਵਿਧੀ ਅਨੁਸਾਰ ਫੀਸ ਜਮ੍ਹਾਂ ਨਾ ਕਰਵਾਉਣਾ,

(II) ਬਿਨੈ-ਪੱਤਰ ਵਿੱਚ ਅਧੂਰੀ ਜਾਂ ਗਲਤ ਸੂਚਨਾ ਭਰਨਾ,

(III) ਆਨਲਾਈਨ apply ਕਰਨ ਦੀ ਪੂਰੀ ਪ੍ਰੀਕਿਰਿਆ ਮੁਕੰਮਲ ਨਾ ਕਰਨਾ,

(IV) ਅਧੀਨ ਸੇਵਾਵਾਂ ਚੋਣ ਬੋਰਡ ਜਾਂ ਕਿਸੇ ਹੋਰ ਸੰਸਥਾ ਵੱਲੋਂ ਅਯੋਗ ਕਰਾਰ ਦਿੱਤਾ ਹੋਣਾ,

(V) ਵਿੱਦਿਅਕ ਯੋਗਤਾ, ਉਮਰ, ਰਾਖਵਾਂਕਰਨ ਜਾਂ ਭਰਤੀ ਦੀਆਂ ਹੋਰ ਸ਼ਰਤਾਂ ਪੂਰੀਆਂ ਨਾ ਹੋਣਾ,

(VI) ਬੋਰਡ ਦੀ ਵੈੱਬਸਾਈਟ https://sssb.punjab.gov.in ਤੇ ਆਨਲਾਈਨ apply ਕਰਨ ਦੀ ਪ੍ਰਕੀਰਿਆ ਦੀ ਥਾਂ ਕਿਸੇ ਹੋਰ ਪ੍ਰਕੀਰਿਆ ਰਾਹੀਂ applyਕਰਨਾ।

(VII) ਜੇਕਰ ਕੋਈ ਉਮੀਦਵਾਰ ਉਕਤ ਅਸਾਮੀਆਂ ਲਈ ਅਜਿਹੀ ਸ਼੍ਰੇਣੀ/ਕੋਡ ਦੇ ਵਿਰੁੱਧ apply ਕਰਦਾ ਹੈ, ਜਿਸ ਕੈਟਾਗਰੀ ਦੀ ਕੋਈ ਅਸਾਮੀ ਇਸ਼ਤਿਹਾਰ ਵਿੱਚ ਸ਼ਾਮਿਲ ਨਾ ਕੀਤੀ ਹੋਵੇ।

**12.** **ਅਪਲਾਈ ਕਰਨ ਦੀ ਵਿਧੀ**

(I) ਉਮੀਦਵਾਰ ਬੋਰਡ ਦੀ ਵੈਬਸਾਈਟ https://sssb.punjab.gov.in ਤੇ “Online Applications” ਅਧੀਨ ਮੁਹੱਈਆ ਲਿੰਕ ਤੇ ਕਲਿਕ ਕਰਕੇ ਮਿਤੀ 28/08/2023 ਤੋਂ 22/09/2023, ਸ਼ਾਮ 5:00 ਵਜ਼ੇ ਤੱਕ ਕੇਵਲ ਆਨਲਾਈਨ ਹੀ ਅਪਲਾਈ ਕਰ ਸਕਦੇ ਹਨ। ਹੋਰ ਕਿਸੇ ਵੀ ਵਿਧੀ ਰਾਹੀਂ ਪ੍ਰਾਪਤ ਐਪਲੀਕੇਸ਼ਨ ਸਵੀਕਾਰ ਨਹੀਂ ਕੀਤੀ ਜਾਵੇਗੀ ਅਤੇ ਰੱਦ ਸਮਝੀ ਜਾਵੇਗੀ।

(II) ਆਨਲਾਈਨ ਅਪਲਾਈ ਕਰਨ ਦੀਆਂ ਹਦਾਇਤਾਂ (procedure) ਬੋਰਡ ਦੀ ਵੈਬਸਾਈਟ ਤੇ ਮੌਜੂਦ ਇਸ ਭਰਤੀ ਦੇ ਲਿੰਕ ਹੇਠ ਟਾਈਟਲ “Instructions for applying online” ਹੇਠ ਦਰਜ਼ ਹਨ।

ਉਮੀਦਵਾਰ ਇਸ ਲਿੰਕ ਤੇ ਕਲਿਕ ਕਰਨ ਉਪਰੰਤ ਇੰਨ੍ਹਾਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹ ਕੇ ਹੀ ਹਰ ਇੱਕ Step ਨੂੰ ਸਫਲਤਾਪੂਰਵਕ ਮੁਕੰਮਲ ਕਰਨ।

(IV) ਉਮੀਦਵਾਰ ਬੋਰਡ ਦੀ ਵੈਬਸਾਈਟ ਤੇ ਮੌਜੂਦ ਭਰਤੀ ਦੇ ਲਿੰਕ ਤੇ ਕਲਿਕ ਕਰਕੇ ਨਿੱਜੀ ਡਿਟੇਲ ਭਰਕੇ ਰਜਿਸਟਰੇਸ਼ਨ ਕਰਨਗੇ। ਰਜਿਸਟਰੇਸ਼ਨ ਸਫਲ ਹੋਣ ਉਪਰੰਤ Username ਅਤੇ Password Generate ਹੋ ਜਾਏਗਾ, ਜਿਸਦੀ ਵਰਤੋਂ ਕਰਕੇ ਉਮੀਦਵਾਰ ਫਿਰ ਤੋਂ Login ਕਰਕੇ Step-wise ਹਰ ਪੱਖੋਂ ਮੁੰਕਮਲ Application Form ਭਰਨਗੇ ਅਤੇ ਇਸਨੂੰ Submit ਕਰਨਗੇ। ਪ੍ਰੰਤੂ ਇਹ Application Form ਫੀਸ ਦੀ ਸਫਲਤਾਪੂਰਵਕ ਅਦਾਇਗੀ ਹੋਣ ਉਪਰੰਤ ਹੀ ਸਵੀਕਾਰ ਕੀਤਾ ਜਾਵੇਗਾ।

(V) **ਬਿਨੈਕਾਰ ਨੂੰ ਹਰ ਅਸਾਮੀ ਲਈ ਵੱਖਰਾ ਆਨਲਾਈਨ ਫਾਰਮ ਅਤੇ ਵੱਖਰੀ ਫੀਸ ਭਰਨੀ ਹੋਵੇਗੀ ਭਾਵ ਜੇਕਰ ਕੋਈ ਬਿਨੈਕਾਰ ਦੋ /ਤਿੰਨ ਅਸਾਮੀਆਂ ਲਈ ਅਪਲਾਈ ਕਰਨਾ ਚਾਹੁੰਦਾ ਹੈ ਤਾਂ ਉਸਨੂੰ ਦੋ/ਤਿੰਨ ਵੱਖਰੇ ਆਨਲਾਈਨ ਫਾਰਮ ਸਬਮਿਟ ਕਰਨੇ ਹੋਣਗੇ ਅਤੇ ਹਰ ਫਾਰਮ ਦੀ ਵੱਖਰੀ ਫੀਸ ਅਦਾ ਕਰਨਾ ਹੋਵੇਗੀ। ਇਸ ਮੰਤਵ ਲਈ ਬਿਨੈਕਾਰ ਨੂੰ ਬੋਰਡ ਦੀ ਵੈਬਸਾਈਟ ਤੇ ਮੌਜੂਦ ਭਰਤੀ ਦੇ ਲਿੰਕ ਤੇ ਕਲਿਕ ਕਰਕੇ ਸਭ ਤੋਂ ਪਹਿਲਾਂ ਤਿੰਨ ਅਸਾਮੀਆਂ ਵਿੱਚੋਂ ਇੱਕ ਦੀ ਚੋਣ ਕਰਨੀ ਹੋਵੇਗੀ ਜਿਸ ਲਈ ਉਹ ਬਿਨੈ ਕਰਨਾ ਚਾਹੁੰਦਾ ਹੈ।**

(VI) ਉਮੀਦਵਾਰ Online Application Form ਭਰਨ ਸਮੇਂ ਆਪਣੀ ਪਾਸਪੋਰਟ ਸਾਈਜ਼ ਫੋਟੋਗਰਾਫ, ਹਸਤਾਖਰ ਅਤੇ ਲੋੜੀਂਦੇ ਵਿਦਿਅਕ ਯੋਗਤਾ ਜਿਵੇਂ ਕਿ ਮੈਟਰਿਕ ਦਾ ਜਨਮ ਮਿਤੀ ਵਾਲਾ ਸਰਟੀਫਿਕੇਟ, ਗਰੈਜੁਏਸ਼ਨ, ਪੋਸਟ ਗਰੇਜੁਏਸ਼ਨ, ਕੰਪਿਊਟਰ ਯੋਗਤਾ ਅਤੇ ਕੈਟਾਗਰੀ ਆਦਿ ਨਾਲ ਸਬੰਧਤ ਸਰਟੀਫਿਕੇਟ ਸਕੈਨ ਕਰਕੇ ਅਪਲੋਡ ਕਰਨਗੇ। ਇੰਨ੍ਹਾਂ ਦਸਤਾਵੇਜਾਂ ਦੇ ਅਪਲੋਡ ਹੋਣ ਅਤੇ ਮੁਕੰਮਲ Online Application Form Submit ਹੋਣ ਉਪਰੰਤ ਹੀ ਫੀਸ ਜਮ੍ਹਾ/ਅਦਾ ਕੀਤੀ ਜਾ ਸਕੇਗੀ।

(VII) **ਅਪਲਾਈ ਕਰਨ ਦੀ ਲੋੜੀਂਦੀ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 25.09.2023 ਹੋਵੇਗੀ।** ਫੀਸ ਭਰਨ ਲਈ ਉਮੀਦਵਾਰ ਰਜਿਸਟਰੇਸ਼ਨ ਕਰਵਾਉਣ ਉਪਰੰਤ Login ਕਰਨਗੇ। Login ਕਰਨ ਉਪਰੰਤ ਉਮੀਦਵਾਰ "Proceed to Fee Payment" ਤੇ ਕਲਿਕ ਕਰਕੇ ਆਪਣੀ ਫੀਸ ਅਦਾ ਕਰਨਗੇ।

(VIII) ਉਮੀਦਵਾਰ Online Application Submit ਕਰਨ ਉਪਰੰਤ ਫੀਸ ਦਾ ਭੁਗਤਾਨ ਕਰ ਸਕਣਗੇ। ਉਮੀਦਵਾਰ Online Application Form Submit/ਜਮ੍ਹਾਂ ਹੋਣ ਦੀ ਮਿਤੀ ਤੋਂ ਬਾਅਦ ਇੱਕ ਦਿਨ ਛੱਡ ਕੇ ਅਗਲੀ ਮਿਤੀ ਤੋਂ, ਫੀਸ ਅਦਾ ਕਰਨ ਦੀ ਆਖਰੀ ਮਿਤੀ **25.09.2023** ਸ਼ਾਮ **5:00** ਵਜੇ ਤੱਕ, ਕਿਸੇ ਵੀ ਕੰਮ-ਕਾਜ ਵਾਲੇ ਦਿਨ ਸਟੇਟ ਬੈਂਕ ਆਫ ਇੰਡੀਆ (State Bank of India) ਦੀ ਕਿਸੇ ਵੀ ਸ਼ਾਖਾ ਵਿੱਚ ਚਲਾਨ ਰਾਹੀਂ ਜਾਂ Net Banking ਜਾਂ Credit Card ਜਾਂ Debit Card ਜਾਂ UPI ਰਾਹੀਂ ਫੀਸ ਜਮ੍ਹਾ ਕਰਵਾ ਸਕਣਗੇ। ਕਿਸੇ ਕਾਰਨ ਫੀਸ ਜਮਾਂ ਨਾ ਹੋਣ ਦੀ ਸੂਰਤ ਵਿੱਚ ਬੋਰਡ ਦੀ ਕੋਈ ਜਿਮੇਵਾਰੀ ਨਹੀਂ ਹੋਵੇਗੀ।

(IX) ਉਮੀਦਵਾਰ ਦੁਆਰਾ ਲੋੜੀਂਦੀ ਫੀਸ ਜਮ੍ਹਾ ਕਰਵਾਉਣ ਉਪਰੰਤ ਹੀ Online ਅਪਲਾਈ ਕਰਨ ਦੀ ਪ੍ਰਕਿਰਿਆ ਮੁਕੰਮਲ ਹੋ ਸਕੇਗੀ ਅਤੇ Online Application Form ਸਵੀਕਾਰ ਕੀਤਾ ਜਾਵੇਗਾ। ਇਸ ਉਪਰੰਤ ਹੀ ਫੀਸ ਅਦਾ ਕਰਨ ਦੀ ਮਿਤੀ ਤੋਂ ਬਾਅਦ ਦੋ ਦਿਨ ਛੱਡ ਕੇ ਅਗਲੀ ਮਿਤੀ ਤੋਂ Online Application Form Generate/Download ਹੋ ਸਕੇਗਾ। ਉਮੀਦਵਾਰ ਇਸ ਫਾਰਮ ਦਾ ਪ੍ਰਿੰਟ ਲੈ ਕੇ ਭਵਿੱਖ ਲਈ ਸੰਭਾਲ ਕੇ ਰੱਖਣ ਲਈ ਜਿੰਮੇਵਾਰ ਹੋਣਗੇ।

(X) ਜੇਕਰ ਉਮੀਦਵਾਰ ਵੱਲੋਂ ਆਨਲਾਈਨ ਫਾਰਮ ਭਰਨ ਸਮੇਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਸਿਰਫ Application form online submit ਕਰਨ ਤੋਂ ਪਹਿਲਾਂ ਹੀ ਉਸ ਪਾਸ ਫਾਰਮ ਵਿੱਚ ਸੋਧ ਕਰਨ ਦਾ ਮੌਕਾ ਹੋਵੇਗਾ। ਉਮੀਦਵਾਰ ਦੁਆਰਾ ਇੱਕ ਵਾਰ Application Form ਸਬਮਿਟ ਕਰਨ ਉਪਰੰਤ ਕਿਸੇ ਵੀ ਹਾਲਤ ਵਿੱਚ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਸੋਧ ਨਹੀਂ ਕੀਤੀ ਜਾ ਸਕੇਗੀ ਅਤੇ ਨਾ ਹੀ ਭਵਿੱਖ ਵਿੱਚ ਸੋਧ ਕਰਨ ਸਬੰਧੀ ਉਮੀਦਵਾਰ ਦੀ ਕੋਈ ਪ੍ਰਤੀਬੇਨਤੀ/ਮੰਗ ਦਫਤਰ ਵੱਲੋਂ ਸਵੀਕਾਰ ਕੀਤੀ ਜਾਏਗੀ।

(XI) ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ/ਛੋਟ ਨਹੀਂ ਦਿੱਤੀ ਜਾਵੇਗੀ ਅਤੇ ਫੀਸ ਦਾ ਭੁਗਤਾਨ ਨਾ ਕਰਨ ਦੀ ਹਾਲਤ ਵਿੱਚ ਉਸਦਾ Application Form ਅਧੂਰਾ ਸਮਝਦੇ ਹੋਏ ਸਵੀਕਾਰ ਨਹੀਂ ਕੀਤਾ ਜਾਏਗਾ ਅਤੇ ਉਸਦੀ ਅਰਜੀ/ਪਾਤਰਤਾ ਮੁੱਢ ਤੋਂ ਹੀ ਰੱਦ ਸਮਝੀ ਜਾਵੇਗੀ।

(XII) ਕਿਸੇ ਹੋਰ ਵਿਧੀ ਰਾਹੀਂ ਭੇਜੀ ਗਈ ਅਰਜੀ ਜਾਂ ਕਿਸੇ ਹੋਰ ਵਿਧੀ ਰਾਹੀਂ ਜਮ੍ਹਾਂ ਕਰਵਾਈ ਗਈ ਫੀਸ ਨੂੰ ਵੈਲਿਡ (valid) ਨਹੀਂ ਮੰਨਿਆ ਜਾਵੇਗਾ ਅਤੇ ਅਜਿਹੀ ਅਰਜੀ ਰੱਦ ਸਮਝੀ ਜਾਵੇਗੀ।

(XIII) Net Banking/Credit Card/Debit Card ਰਾਹੀਂ ਅਦਾ ਕੀਤੀ ਗਈ ਫੀਸ ਦੀ Transaction ਕਿਸੇ ਵੀ ਕਾਰਨ ਕਰਕੇ ਅਸਫਲ ਹੋਣ ਦੀ ਸਥਿਤੀ ਵਿੱਚ ਉਮੀਦਵਾਰ ਦੀ Application ਜਮ੍ਹਾਂ ਨਹੀਂ ਹੋਈ ਮੰਨੀ ਜਾਵੇਗੀ ਅਤੇ ਇੱਕ ਵਾਰ ਅਦਾ ਕੀਤੀ ਫੀਸ ਨਾ-ਮੋੜਨਯੋਗ ਹੋਵੇਗੀ।

**13. <u>ਬਿਨੈਕਾਰਾਂ ਦੇ ਧਿਆਨ ਹਿੱਤ ਜ਼ਰੂਰੀ ਹਦਾਇਤਾਂ:</u>**

(ੳ) ਉਮੀਦਵਾਰ ਕੈਟਾਗਰੀ ਅਤੇ ਕੈਟਾਗਰੀ ਕੋਡ ਦਾ ਧਿਆਨ ਰੱਖਦੇ ਹੋਏ ਆਨਲਾਈਨ ਫਾਰਮ ਭਰਨ ਕਿਉਂਕਿ ਫਾਰਮ ਭਰਨ ਉਪਰੰਤ ਕਿਸੇ ਵੀ ਸਟੇਜ ਤੇ ਕੈਟਾਗਰੀ ਅਤੇ ਕੈਟਾਗਰੀ ਕੋਡ ਤਬਦੀਲ ਨਹੀਂ ਕੀਤਾ ਜਾ ਸਕੇਗਾ।

(ਅ). ਆਨਲਾਈਨ ਫਾਰਮ ਭਰਨ ਸਮੇਂ ਹੋਈ ਕਿਸੇ ਵੀ ਗਲਤੀ ਲਈ ਉਮੀਦਵਾਰ ਖੁਦ ਜਿੰਮੇਵਾਰ ਹੋਵੇਗਾ। ਉਮੀਦਵਾਰ ਵੱਲੋਂ ਇੱਕ ਵਾਰ ਸਬਮਿਟ ਕੀਤਾ ਗਿਆ ਡਾਟਾ ਕਿਸੇ ਵੀ ਹਾਲਤ ਵਿੱਚ ਬਦਲਣ ਦੀ ਆਗਿਆ ਨਹੀਂ ਹੋਵੇਗੀ।

(ੲ) ਉਮੀਦਵਾਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇੰਨ੍ਹਾਂ ਅਸਾਮੀਆਂ ਲਈ ਖੁਦ ਆਨਲਾਈਨ ਅਪਲਾਈ ਕਰਨ। ਉਮੀਦਵਾਰ ਫਾਰਮ ਭਰਨ ਲਈ ਕਿਸੇ ਹੋਰ ਵਿਅਕਤੀ/ਸਾਈਬਰ ਕੈਫੇ ਅਟੈਂਡੈਂਟ ਦੀ ਮੱਦਦ ਨਾ ਲਵੇ। ਜੇਕਰ ਫਾਰਮ ਭਰਨ ਵਿੱਚ ਕੋਈ ਗਲਤੀ ਹੋ ਜਾਂਦੀ ਹੈ ਤਾਂ ਫਾਰਮ ਵਿੱਚ ਕੋਈ ਸੋਧ ਨਹੀਂ ਕੀਤੀ ਜਾਵੇਗੀ।

(ਸ) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਲੋੜੀਂਦੇ ਸਰਟੀਫਿਕੇਟ PDF ਫਾਰਮੈਟ ਵਿੱਚ ਇੱਕ ਹੀ ਫਾਇਲ ਵਿੱਚ ਸਕੈਨ ਕਰਕੇ ਨਾਲ ਹੀ ਅਪਲੋਡ ਕਰਨਗੇ।

(ਹ) ਉਮੀਦਵਾਰਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਭਰਤੀ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਜਿਵੇਂ ਕਿ ਪ੍ਰੀਖਿਆ ਦੀ ਮਿਤੀ/ਸ਼ਡਿਊਲ, Admit Card, ਪ੍ਰੀਖਿਆ ਕੇਂਦਰ ਦੀ ਜਾਣਕਾਰੀ, ਨਤੀਜਾ, ਮੈਰਿਟ ਸੂਚੀ ਜਾਂ ਭਰਤੀ ਪ੍ਰਕੀਰਿਆ ਸਬੰਧੀ ਭਵਿੱਖ ਵਿੱਚ ਸਮੇਂ-ਸਮੇਂ ਤੇ ਜਾਰੀ ਹੋਣ ਵਾਲੀ ਹੋਰ ਜਾਣਕਾਰੀ/ਨੋਟਿਸ/ਤਬਦੀਲੀ ਸਿਰਫ ਬੋਰਡ ਦੀ ਵੈੱਬਸਾਈਟ ਤੇ ਹੀ ਅਪਲੋਡ (upload) ਕੀਤੀ ਜਾਏਗੀ। **ਇਸ ਸਬੰਧੀ ਉਮੀਦਵਾਰਾਂ ਨੂੰ ਵੱਖਰੇ ਅਤੇ ਵਿਅਕਤੀਗਤ ਤੌਰ ਤੇ ਕੋਈ ਸੂਚਨਾ ਨਹੀਂ ਭੇਜੀ ਜਾਏਗੀ।** ਸੋ ਜਦ ਤੱਕ ਭਰਤੀ ਪ੍ਰਕਿਰਿਆ ਮੁੰਕਮਲ ਨਹੀਂ ਹੋ ਜਾਂਦੀ ਤਦ ਤੱਕ ਉਮੀਦਵਾਰਾਂ ਨੂੰ Latest updates ਲਈ ਬੋਰਡ ਦੀ ਵੈੱਬਸਾਈਟ ਲਾਜ਼ਮੀ ਤੌਰ ਤੇ ਚੈੱਕ ਕਰਦੇ ਰਹਿਣਾ ਹੋਵੇਗਾ। ਅਜਿਹਾ ਨਾ ਕਰਨ ਦੀ ਸਥਿਤੀ ਵਿੱਚ ਉਮੀਦਵਾਰ ਨੂੰ ਹੋਣ ਵਾਲੇ ਕਿਸੇ ਵੀ

ਨੁਕਸਾਨ ਦੀ ਜਿੰਮੇਵਾਰੀ ਅਧੀਨ ਸੇਵਾਵਾਂ ਚੋਣ ਬੋਰਡ ਦੀ ਨਹੀਂ ਹੋਵੇਗੀ ਅਤੇ ਨਾ ਹੀ ਇਸ ਸਬੰਧੀ ਕੋਈ ਸੁਣਵਾਈ ਦਾ ਮੌਕਾ ਦਿੱਤਾ ਜਾਏਗਾ।

(ਖ) ਉਮੀਦਵਾਰ ਕਾਉਂਸਲਿੰਗ ਸਮੇਂ ਲੋੜੀਂਦੀ ਵਿੱਦਿਅਕ ਯੋਗਤਾ, ਤਕਨੀਕੀ ਯੋਗਤਾ ਅਤੇ ਰਾਖਵਾਂਕਰਨ ਨਾਲ ਸਬੰਧਤ ਆਪਣੇ ਅਸਲ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਪੇਸ਼ ਕਰਨਗੇ।

(ਗ) ਲਿਖਤੀ ਪ੍ਰੀਖਿਆ, Physical Efficiency Test/ Physical Measurement Test ਅਤੇ ਕਾਉਂਸਲਿੰਗ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ. ਅਦਾ ਨਹੀਂ ਕੀਤਾ ਜਾਵੇਗਾ।

(ਘ) ਇਸ ਭਰਤੀ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਿਸੇ ਵੀ ਕੰਮ-ਕਾਜ ਵਾਲੇ ਦਿਨ ਦਫ਼ਤਰੀ ਸਮੇਂ ਦੌਰਾਨ ਬੋਰਡ ਦੇ ਦਫਤਰੀ ਫੋਨ ਨੰ: 0172-2298000 (ਐਕਸਟੈਂਸਨ 5106 ਅਤੇ 5107), 0172-2298083, ਹੈਲਪਲਾਈਨ ਨੰਬਰ 9646932955, 9041799018 ਤੇ ਅਤੇ ਈਮੇਲ ਆਈ.ਡੀ. helpsssb.pb@gmail.com ਤੇ ਸੰਪਰਕ ਕੀਤਾ ਜਾ ਸਕਦਾ ਹੈ।

(ਙ) ਇਸ ਇਸ਼ਤਿਹਾਰ/ਭਰਤੀ ਸਬੰਧੀ ਜੇਕਰ ਕੋਈ ਤਰੁੱਟੀ ਧਿਆਨ ਵਿੱਚ ਆਉਂਦੀ ਹੈ ਤਾਂ ਉਸ ਨੂੰ ਸੁਧਾਰਨ ਦਾ ਹੱਕ ਬੋਰਡ ਕੋਲ ਰਾਖਵਾਂ ਹੋਵੇਗਾ।

**-ਸਹੀ-**

**ਸਥਾਨ: ਐਸ.ਏ.ਐਸ. ਨਗਰ** — **ਚੇਅਰਮੈਨ**

**ਮਿਤੀ: 19-08-2023** — **ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**